# ਡਾਰਬੀਸ਼ਇਰ ਕੰਸਟੈਅਬਲਰੀ

# ਦੀ ਵਚਨਬੱਧਤਾ

ਅਸੀ ਡਾਰਬੀਸ਼ਾਇਰ ਵਿੱਚ
ਸਾਰਿਆਂ ਨੂੰ ਇੱਕ ਉੱਚੇ ਪੱਧਰ
ਦੀ ਪੁਲਿਸ
ਸੇਵਾ ਦੇਣ ਲਈ
ਵਚਨਬੱਧ ਹਾਂ ।

## ਸਾਡੇ ਉਦੇਸ਼

- ਗੁਨਾਹ ਨੂੰ ਰੋਕਨਾ ਅਤੇ ਘੱਟ ਕਰਨਾ
- ਅਪਰਾਧਤਾ ਤੇ ਹਮਲਾ
- ਲੋੜਵੰਦ ਲੋਕਾਂ ਨੂੰ ਸੁਰੱਖਿਆ ਪ੍ਰਧਾਨ ਕਰਨਾ
- ਮੁੜ ਭਰੋਸਾ ਦਿਵਾਉਣਾ
- ਤੁਹਾਨੂੰ ਤੁਹਾਡੇ ਪੇਸੈ ਦਾ ਮੁੱਲ ਦੇਣਾ

ਸਮਾਜ ਲਈ ਕਿਰਿਆਸ਼ੀਲ

- ਸਾਰਿਆਂ ਨਾਲ ਉਹਨਾਂ ਦੀਆਂ ਸ਼ਖ਼ਸੀ ਲੋੜਾਂ ਅਨੁਸਾਰ ਵਤੀਰਾ ਕੀਤਾ ਜਾਵੇ
- ਜਿੰਨਾਂ ਲੋਕਾਂ ਦੀ ਅਸੀ ਸੇਵਾ ਕਰਦੇ ਹਾਂ,ਅਸੀ ਉਹਨਾਂ ਲਈ ਕਾਰਜਸ਼ੀਲ, ਪਰਤੱਖ ਅਤੇ ਮਿਲਣਸਾਰ ਰਹੀਏ
- ਅਸੀ ਹਮੇਸ਼ਾ ਨਿਮਰਤਾ, ਪੇਸ਼ਾਵਰ ਅਤੇ ਦੋਸਤਾਨਾ ਵਤੀਰਾ ਰੱਖੀਏ
- ਅਸੀ ਗੁਨਾਹ ਅਤੇ ਸਮਾਜ ਵਿਰੁਧ ਵਤੀਰੇ ਨਾਲ ਸਹੀ ਤਰੀਕੇ ਨਾਲ ਨਜਿੱਠ ਸਕੀਏ
- ਸੁਲਝੀ ਹੋਈ ਸੋਚ ਨਾਲ ਹੱਲ ਕੱਢਣ ਲਈ ਮਿਲ ਕੇ ਕੰਮ ਕਰਨਾ

ਪਹਿਲੀ ਵਾਰੀ ਵਿੱਚ ਹੀ ਸਹੀ ਕਰਨਾ

- 999 ਕਾਲਾਂ ਨੂੰ 10 ਸੈਕੰਡ ਦੇ ਅੰਦਰ–ਅੰਦਰ ਅਤੇ 101 ਕਾਲਾਂ 40 ਸੈਕੰਡ ਦੇ ਅੰਦਰ ਜਵਾਬ ਦੇਣ ਦਾ ਉਦੇਸ਼
- ਅਪਣਾ ਨਾਮ ਦੱਸਣਾ, ਨਿਮਰ ਅਤੇ ਸਚੇਤ ਰਹਿਣਾ
- ਹਰੇਕ ਜਾਂਚ ਨੂੰ ਸਮਝਣਾ ਅਤੇ ਉਸ ਬਾਰੇ ਆਪਣੀ ਜਵਾਬੀ ਕਾਰਵਾਈ ਨੂੰ ਸਮਝਾਉਣਾ
- ਜਿਥੇ ਅਸੀ ਪਹੁੰਚਣਾ ਹੋਵੇ ਉਥੇ ਆਪਣੇ ਪੁੱਜਣ ਦਾ ਅੰਦਾਜ਼ਣ ਸਮਾਂ ਦੱਸਣਾ
- ਕੀ ਹੋਵੇਗਾ ਇਹ ਸਮਝਾਉਣਾ, ਇਹ ਨਿਸ਼ਚਿਤ ਕਰਨਾ ਕੀ ਨਵੀਂ ਜਾਣਕਾਰੀ ਕਦੋਂ ਦਿੱਤੀ ਜਾਵੇਗੀ ਅਤੇ ਲੋਕਾਂ ਨੂੰ ਇਸ ਤੋਂ ਜਾਣੂ ਰੱਖਣਾ

ਸਥਾਨਕ ਪ੍ਰਾਥਮਿਕਤਾ ਨੂੰ ਸਮਰਥਨ ਦੇਣਾ

- ਪੁਲਿਸ ਦੀਆਂ ਜੋ ਪ੍ਰਾਥਮਿਕਤਾਵਾਂ ਹਨ ਉਹਨਾਂ ਤੇ ਵਿਚਾਰ ਕਰਨ ਲਈ ਸਥਾਨਕ ਮੀਟਿੰਗਜ਼ ਅਤੇ ਸਮਾਰੋਹਾਂ ਦਾ ਆਯੋਜਨ ਅਤੇ ਪ੍ਰਚਾਰ ਕਰਨਾ
- ਆਮ ਜਨਤਾ ਦੀਆਂ ਪੁਲਿਸ ਪ੍ਰਾਥਮਿਕਤਾਵਾਂ ਕੀ ਹਨ, ਉਹਨਾਂ ਬਾਰੇ ਸਾਡੇ ਨਾਲ ਵਿਚਾਰ ਕਰਨ ਲਈ ਉਹਨਾਂ ਨੂੰ ਹੱਲਾਸ਼ੇਰੀ ਦੇਣੀ
- ਆਮ ਜਨਤਾ ਦੀਆਂ ਜੋ ਪੁਲਿਸ ਪ੍ਰਾਥਮਿਕਤਾਵਾਂ ਹਨ, ਉਹਨਾਂ ਤੇ ਹਰ ਤਿੰਨ ਮਹੀਨੇ ਬਾਅਦ ਮੁੜ ਵਿਚਾਰ ਕਰਨਾ ਅਤੇ ਸਹਿਮਤ ਹੋਣਾ
- ਆਮ ਜਨਤਾ ਅਤੇ ਸੰਸਥਾਵਾਂ ਨਾਲ ਮਿਲ ਕੇ ਸਾਂਝੀਆਂ ਪ੍ਰਾਥਮਿਕਤਾਵਾਂ ਤੇ ਕੰਮ ਕਰਨਾ ਅਤੇ ਉਹਨਾਂ ਨਾਲ ਨਜਿੱਠਣਾ
- ਆਮ ਜਨਤਾ ਨੂੰ ਮਹੀਨਾ ਵਾਰ ਹੋਏ ਵਿਕਾਸ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਜਾਵੇ